# ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ:, ਮੁਕਤਸਰ

ਗਲੀ ਆਦਰਸ਼ ਮਾਡਲ ਸਕੂਲ, ਕੋਟਕਪੂਰਾ ਰੋਡ, ਮੁਕਤਸਰ

## ਪਬਲਿਕ ਨੋਟਿਸ

ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ:, ਮੁਕਤਸਰ ਵੱਲੋਂ ਬੈਂਕ ਦੇ ਨਾਲ ਲੱਗਦੀਆਂ 8 ਖੇਤੀਬਾੜੀ ਸਹਿਕਾਰੀ ਸਭਾਵਾਂ (ਦੀ ਥਾਦੇਵਾਲਾ MPCS, ਦੀ ਬੁੱਟਰ ਬਖੂਹਾ MPCS, ਦੀ ਘੱਗਾ MPCS, ਦੀ ਨਿਊ ਬਾਂਮ MPCS, ਦੀ ਛਾਪਿਆਂਵਾਲੀ MPCS, ਦੀ ਕੰਦੂ ਖੇੜਾ MPCS, ਦੀ ਰੱਤਾ ਖੇੜਾ MPCS ਅਤੇ ਦੀ ਕੋਲਿਆਂਵਾਲੀ MPCS) ਵਿੱਚ ਆਊਟ ਸੋਰਸਿੰਗ ਰਾਹੀਂ Business Corespondents ਨੂੰ 10000/- ਤੋ 15000/- ਰੁਪਏ ਤੱਕ (ਸਭਾ ਦੇ ਕਰਜੇ ਅਨੁਸਾਰ) Remuneration ਅਦਾ ਕੀਤਾ ਜਾਵੇਗਾ। ਮੁੱਢਲੀ ਨਿਯੁੱਕਤੀ 01 ਸਾਲ ਵਾਸਤੇ ਹੋਵੇਗੀ। Appointing authority ਵੱਲੋਂ Yearly review ਕਰਨ ਉਪਰੰਤ ਅਗਲੇਰੀ Extension ਦਿੱਤੀ ਜਾਵੇਗੀ।

**ਵਿਦਿਅਕ ਯੋਗਤਾ**

ੳ. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ

ਅ. ਦਸਵੀਂ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ ਲਾਜਮੀ।

ੲ. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ "ੳ" ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ।

ਜਾਂ

ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ ਜੋ ISO9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋ ਘੱਟੋ ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ। ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਰਮੇਸ਼ਨ ਟੈਕਨੋਲੋਜੀ ਵਿਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ Desktop Publishing ਦਾ ਕੋਰਸ।

ਸ. ਉਮੀਦਵਾਰ ਸਬੰਧਤ ਸਭਾ ਦੇ ਕਾਰਜ ਖੇਤਰ ਦਾ ਵਸਨੀਕ ਹੋਣਾ ਚਾਹੀਦਾ ਹੈ।

**ਉਮਰ:** ਪ੍ਰਾਰਥੀ ਦੀ ਉਮਰ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਨੂੰ ਘੱਟੋ-ਘੱਟ 25 ਸਾਲ ਅਤੇ ਵੱਧ ਤੋਂ ਵੱਧ 45 ਸਾਲ ਹੋਵੇ।

ਸਿਲੈਕਟ ਕੀਤੇ Business Corespondents ਨੂੰ ਇਕ ਏਕੜ ਜਮੀਨ ਬੈਂਕ ਦੇ ਹੱਕ ਵਿਚ ਬਤੌਰ ਜਮਾਨਤ ਆੜ ਰਹਿਣ ਕਰਵਾਉਣੀ ਹੋਵੇਗੀ। ਜਮੀਨ ਦੀ ਉਪਲਬਧਾ ਨਾ ਹੋਣ ਦੀ ਸੂਰਤ ਵਿਚ 1.00 ਲੱਖ ਰੁਪਏ ਦੀ ਬੈਂਕ ਗਰੰਟੀ ਦੇਣੀ ਹੋਵੇਗੀ।

ਸ਼ਰਤਾਂ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ ਜੀ ਵੱਲੋਂ ਪੱਤਰ ਨੰਬਰ RCS/Credit-2/C.E.A-3/2148 dated 02.11.2021 ਰਾਹੀਂ ਜਾਰੀ ਪਾਲਿਸੀ (ਸਮੇਂ-ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ ਹੋਣਗੀਆਂ।

ਉਪਰੋਕਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਪ੍ਰਾਰਥੀ ਰਜਿਸਟਰਡ ਪੋਸਟ/ਦਸਤੀ ਆਪਣਾ ਪ੍ਰਾਰਥਨਾ ਪੱਤਰ ਜਿਸ ਵਿਚ ਪ੍ਰਾਰਥੀ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਪਾਸਪੋਰਟ ਸਾਇਜ਼ ਤਸਦੀਕਸ਼ੁਦਾ ਫੋਟੋ, ਮੋਬਾਇਲ ਨੰਬਰ, ਈਮੇਲ ਆਈ.ਡੀ., ਪੱਕਾ ਪਤਾ, ਲਿੰਗ, ਵਿੱਦਿਅਕ ਯੋਗਤਾ ਦਾ ਵੇਰਵਾ ਹੋਵੇ, ਸਮੇਤ ਵਿਦਿਅਕ ਯੋਗਤਾ ਸਰਟੀਫਿਕੇਟ, ਪੱਕੇ ਪਤੇ ਦਾ ਸਬੂਤ ਅਤੇ ਆਧਾਰ ਕਾਰਡ ਦੀਆਂ ਤਸਦੀਕਸ਼ੁਦਾ ਕਾਪੀਆਂ ਪ੍ਰਾਰਥਨਾ ਪੱਤਰ ਨਾਲ ਲਗਾ ਕੇ ਬੈਂਕ ਦੇ ਮੁੱਖ ਦਫ਼ਤਰ ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ:, ਗਲੀ ਆਦਰਸ਼ ਮਾਡਲ ਸਕੂਲ, ਕੋਟਕਪੂਰਾ ਰੋਡ, ਮੁੱਖ ਦਫ਼ਤਰ, ਮੁਕਤਸਰ ਵਿਖੇ ਮਿਤੀ 02.12.2021 ਨੂੰ ਸ਼ਾਮ 5.00 ਵਜੇ ਤੱਕ ਭੇਜ ਸਕਦੇ ਹਨ।

ਨੋਟ:- Business Corespondents ਦੀ ਸਿਲੈਕਸ਼ਨ ਕਰਨ ਸਬੰਧੀ ਮਾਪਦੰਡ ਅਪਣਾਉਣ ਦਾ ਅਧਿਕਾਰ ਜਿਲ੍ਹਾ ਪੱਧਰੀ ਕਮੇਟੀ (Appointing authority) ਪਾਸ ਹੋਵੇਗਾ। ਜਿਸਦੀ ਸੂਚਨਾ ਬੈਂਕ ਦੀ ਵੈੱਬਸਾਇਟ www.muktsarcoopbank.com ਤੇ ਅਪਲੋਡ ਕੀਤੀ ਜਾਵੇਗੀ। ਇਸ ਤੋ ਇਲਾਵਾ ਸਭਾਵਾਂ ਅਤੇ ਉਨ੍ਹਾ ਦੇ ਕਾਰਜਖੇਤਰ ਸਬੰਧੀ ਬੈਂਕ ਦੀ ਵੈੱਬਸਾਇਟ ਤੇ ਦੇਖੀ ਜਾ ਸਕਦੀ ਹੈ। ਪੋਸਟਾਂ ਦੀ ਗਿਣਤੀ ਕਿਸੇ ਵੀ ਸਮੇਂ ਘਟਾਈ-ਵਧਾਈ ਜਾ ਸਕਦੀ ਹੈ ਅਤੇ ਇਸ ਸਾਰੀ ਪ੍ਰਕਿਰਿਆ ਦੌਰਾਨ ਸਿਲੈਕਸ਼ਨ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਇੰਟਰਵਿਊ ਸਬੰਧੀ ਸੂਚਨਾ ਜਾਂ ਭਵਿੱਖ ਵਿਚ ਕੋਈ ਹੋਰ ਸੂਚਨਾ ਕੇਵਲ ਬੈਂਕ ਦੀ ਵੈੱਬਸਾਇਟ ਤੇ ਹੀ ਅਪਲੋਡ ਕੀਤੀ ਜਾਵੇਗੀ।

ਜਿਲ੍ਹਾ ਮੈਨੇਜਰ

ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ

ਬੈਂਕ ਲਿਮ:, ਮੁਕਤਸਰ